### ਨਿਊ ਯਾਰਕ ਸਿਟੀ ਹਿਊਮਨ ਰਾਈਟਸ ਕਨੂੰਨ ਦੀਆਂ (New York City Human Rights Law)

# ਮੁਸਲਮਾਨਾਂ ਅਤੇ ਉਨ੍ਹਾਂ ਦੀ ਤਰ੍ਹਾਂ ਸਮਝੇ ਜਾਂਦਿਆਂ ਲਈ ਸੁਰੱਖਿਆਵਾਂ

## 10 ਚੀਜ਼ਾਂ ਜਿਨ੍ਹਾਂ ਬਾਰੇ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ

ਅਨੁਮਾਨਾਂ ਦੇ ਮੁਤਾਬਿਕ ਲਗਭਗ 1 ਮਿਲੀਅਨ ਲੋਕਾਂ ਨੇ ਨਿਊ ਯਾਰਕ ਸਿਟੀ ਹੋਮ ਨੂੰ ਕਾਲ ਕੀਤਾ ਸੀ ਜਿਨ੍ਹਾਂ ਨੇ ਆਪਣੀ ਪਛਾਣ ਮੁਸਲਮਾਨ ਵਜੋਂ ਦਿੱਤੀ ਸੀ। ਉਹ ਹਰ ਧਰਮ ਦੇ ਨਿਊ ਯਾਰਕ ਨਿਵਾਸੀ ਦੀ ਤਰ੍ਹਾਂ, ਵਿਲੱਖਣ ਅਤੇ ਅਮੀਰ ਵਿਭਿੰਨਤਾ ਵਿੱਚ ਯੋਗਦਾਨ ਪਾਉਂਦੇ ਹਨ ਜਿਨ੍ਹਾਂ ਲਈ ਨਿਊ ਯਾਰਕ ਸ਼ਹਿਰ ਹਰ ਜਗ੍ਹਾ ਤੇ ਜਾਣਿਆ ਜਾਂਦਾ ਹੈ। ਉਹ ਪੱਖਪਾਤ ਅਤੇ ਪਰੇਸ਼ਾਨ ਤੋਂ ਮੁਕਤ ਹੋ ਕੇ ਰਹਿਣ ਅਤੇ ਕੰਮ ਕਰਨ ਦੇ ਹੱਕਦਾਰ ਹਨ।

### 1.

**ਹਿਊਮਨ ਰਾਈਟਸ ਤੇ ਨਿਊ ਯਾਰਕ ਸਿਟੀ ਕਮਿਸ਼ਨ ਇੱਕ ਏਜੰਸੀ ਹੈ ਜਿਸ ਦਾ ਕੰਮ ਨਿਊ ਯਾਰਕ ਸ਼ਹਿਰ ਦੇ ਹਿਊਮਨ ਰਾਈਟਸ ਕਨੂੰਨ ਨੂੰ ਲਾਗੂ ਕਰਨ ਦਾ ਹੈ**, ਜੋ ਧਰਮ/ਸੰਪ੍ਰਦਾਇ ਸਮੇਤ 27 ਸ਼੍ਰੇਣੀਆਂ ਵਿੱਚ ਰੁਜ਼ਗਾਰ, ਘਰ, ਅਤੇ ਜਨਤਕ ਸੰਸਾਧਨਾਂ ਵਿੱਚ ਪੱਖਪਾਤ ਦਾ ਵਿਰੋਧ ਕਰਦੀ ਹੈ। ਕਨੂੰਨ, ਬਦਲਾ ਲੈਣ, ਪੱਖਪਾਤ ਦੇ ਆਧਾਰ ਤੇ ਪਰੇਸ਼ਾਨ ਕਰਨ, ਅਤੇ ਕਨੂੰਨ ਦੀ ਪਾਲਣਾ ਰਾਹੀਂ ਤਰਫਦਾਰੀ ਦੇ ਆਧਾਰ ਤੇ ਰੂਪਰੇਖਾ ਬਣਾਉਣ ਨੂੰ ਵੀ ਕਵਰ ਕਰਦਾ ਹੈ।

### 2.

**ਧਰਮ/ਸੰਪ੍ਰਦਾਇ ਦੇ ਆਧਾਰ ਤੇ ਕਿਸੇ ਕਰਮਚਾਰੀ ਨਾਲ ਪੱਖਪਾਤ ਕਰਨਾ ਗੈਰਕਨੂੰਨੀ ਹੈ।** ਉਲੰਘਣਾਵਾਂ ਦੀਆਂ ਕੁਝ ਉਦਾਹਰਣਾਂ ਵਿੱਚ ਹਨ ਮੁਸਲਮਾਨ ਹੋਣ ਕਾਰਨ ਮੂਹ-ਜ਼ੁਬਾਨੀ ਪਰੇਸ਼ਾਨ ਕਰਨਾ ਜਾਂ ਕਰਮਚਾਰੀ ਨੂੰ ਧਮਕਾਉਣਾ, ਕਿਸੇ ਕਰਮਚਾਰੀ ਨੂੰ ਉਸ ਦੇ ਧਰਮ ਦੇ ਕਾਰਨ ਨੌਕਰੀ ਤੇ ਰੱਖਣ ਜਾਂ ਤਰੱਕੀ ਦੇਣ ਤੋਂ ਮਨ੍ਹਾਂ ਕਰਨਾ, ਧਾਰਮਿਕ ਪੋਸ਼ਾਕ ਕਾਰਨ ਗਾਹਕ ਦੇ ਸਾਮ੍ਹਣੇ ਨਾ ਜਾਣ ਵਾਲੀ ਭੂਮਿਕਾ ਦੇਣਾ, ਜਾਂ ਕਿਸੇ ਕਰਮਚਾਰੀ ਨਾਲ ਉਨ੍ਹਾਂ ਦੇ ਧਰਮ ਕਾਰਨ ਵੱਖਰੇ ਢੰਗ ਨਾਲ ਵਿਹਾਰ ਕਰਨਾ।

### 3.

**ਕਰਮਚਾਰੀਆਂ ਕੋਲ ਧਾਰਮਿਕ ਅਭਿਆਸ ਕਰਨ ਜਾਂ ਕੰਮ ਦੀ ਜਗ੍ਹਾ ਤੇ ਧਾਰਮਿਕ ਪੋਸ਼ਾਕ ਪਹਿਣਨ ਲਈ ਮੁਨਾਸਿਬ ਸੰਸਾਧਨਾਂ ਲਈ ਬੇਨਤੀ ਕਰਨ ਦਾ ਅਧਿਕਾਰ ਹੈ** ਉਦਾਹਰਨਾਂ ਵਿੱਚ ਲੰਬੀ ਦਾੜ੍ਹੀ ਰੱਖਣਾ ਜਾਂ ਪੱਗੜੀ ਬੰਨ੍ਹਣਾ, ਹਿਜ਼ਾਬ ਪਾਉਣਾ, ਚੁੰਨੀ ਲੈਣਾ ਅਤੇ ਕੁਫੀਆਂ* ਸ਼ਾਮਲ ਹਨ।

### 4.

**ਕਰਮਚਾਰੀਆਂ ਕੋਲ ਧਾਰਮਿਕ ਛੁੱਟੀ** ਜਾਂ ਰਿਵਾਜ ਨੂੰ ਮਨਾਉਣ ਲਈ ਛੁੱਟੀ ਲੈਣ ਦੀ ਬੇਨਤੀ ਕਰਨ (ਜਿਵੇਂ ਕਿ ਦਿਨ ਦੇ ਵਿਚਕਾਰ ਅਰਦਾਸ ਕਰਨੀ) ਅਤੇ ਆਪਣੇ ਰੁਜ਼ਗਾਰਦਾਤਾ ਨਾਲ ਕਿਸੇ ਵਿਵਸਥਾ ਤੇ ਪਹੁੰਚਣ ਜਿਵੇਂ ਕਿ ਵੈਤਨਿਕ ਛੁੱਟੀ, ਅਵੈਨਿਕ ਛੁੱਟੀ ਜਾਂ ਬਾਅਦ ਦੀ ਤਾਰੀਖ ਵਿੱਚ ਗੁਆਏ ਸਮੇਂ ਨੂੰ ਪੂਰਾ ਕਰਨ* ਦਾ ਵੀ ਅਧਿਕਾਰ ਹੈ।

### 5.

**ਘਰ ਪ੍ਰਦਾਤਾਵਾਂ ਨੂੰ ਕਿਸੇ ਵਿਅਕਤੀ ਨੂੰ ਉਨ੍ਹਾਂ ਦੇ ਧਾਰਮਿਕ ਮਤ ਕਾਰਨ** ਜਾਂ ਉਨ੍ਹਾਂ ਦੀ ਦਿੱਖ ਦੇ ਆਧਾਰ ਤੇ ਉਨ੍ਹਾਂ ਦੇ ਧਾਰਮਿਕ ਮਤ ਨੂੰ ਮੰਨ ਲੈਣ ਕਾਰਨ ਘਰ ਕਿਰਾਏ ਤੇ ਨਾ ਦੇਣਾ ਗੈਰਕਨੂੰਨੀ ਹੈ

### 6.

**ਮਕਾਨ ਮਾਲਕ ਅਤੇ ਇਮਾਰਤਾਂ ਦੇ ਮੈਨੇਜਰ ਕਿਸੇ ਇੱਕ ਧਰਮ ਦੇ ਕਿਰਾਏਦਾਰਾਂ ਨੂੰ ਉਨ੍ਹਾਂ ਦੇ ਘਰ ਦੇ ਦਰਵਾਜ਼ਿਆਂ ਦੇ ਬਾਹਰ ਧਾਰਮਿਕ ਸਜਾਵਟਾਂ**, ਮੂਰਤੀਆਂ ਜਾਂ ਨਿਸ਼ਾਨਾਂ ਨੂੰ ਲਗਾਉਣ ਲਈ ਇਜਾਜ਼ਤ ਦੇਣ ਤੋਂ ਮਨ੍ਹਾਂ ਨਹੀਂ ਕਰ ਸਕਦੇ ਹਨ, (ਉਦਾਹਰਨ ਲਈ, ਮੁੱਖ ਛੁੱਟੀਆਂ ਦੁਆਲੇ ਜਿਵੇਂ ਕਿ ਕ੍ਰਿਸਮਿਸ ਅਤੇ ਈਸਟਰ)।

### 7.

**ਮਕਾਨ ਮਾਲਕ ਅਤੇ ਸੁਪਰੀਟੈਂਡੈਂਟਸ ਕਿਸੇ ਕਿਰਾਏਦਾਰ ਦੇ ਅਸਲੀ ਜਾਂ ਕਥਿਤ ਧਾਰਮਿਕ ਵਿਸ਼ਵਾਸਾਂ ਜਾਂ ਮਤ ਕਾਰਨ ਉਸ ਕਿਰਾਏਦਾਰ ਦੇ ਘਰ ਨੂੰ ਠੀਕ** ਕਰਵਾਉਣ ਜਾਂ ਮੁਰੰਮਤ ਕਰਵਾਉਣ ਤੋਂ ਮਨ੍ਹਾਂ ਨਹੀਂ ਕਰ ਸਕਦੇ ਹਨ।

### 8.

**ਸਟੋਰ, ਰੈਸਟੋਰੈਂਟ ਜਾਂ ਕਿਸੇ ਹੋਰ ਜਨਤਕ ਸੰਸਾਧਨਾਂ ਦੁਆਰਾ** ਕਿਸੇ ਵਿਅਕਤੀ ਦੇ ਅਸਲੀ ਜਾਂ ਕਥਿਤ ਧਾਰਮਿਕ ਵਿਸ਼ਵਾਸਾਂ ਜਾਂ ਮਤ ਕਾਰਨ ਉਸ ਨੂੰ ਸੇਵਾ ਦੇਣ ਤੋਂ ਮਨ੍ਹਾਂ ਕਰਨਾ ਗੈਰਕਨੂੰਨੀ ਹੈ। ਕੋਈ ਰੈਸਟੋਰੈਂਟ ਕਿਸੇ ਮੁਸਲਮਾਨ ਔਰਤ ਨੂੰ ਕੇਵਲ ਇਸ ਕਰਕੇ ਸੀਟ ਦੇਣ ਤੋਂ ਮਨ੍ਹਾਂ ਨਹੀਂ ਕਰ ਸਕਦਾ ਹੈ ਕਿਉਂਕਿ ਉਸ ਨੇ ਹਿਜ਼ਾਬ ਪਹਿਣਿਆ ਹੈ। ਕੋਈ ਟੈਕਸੀ ਡਰਾਈਵਰ ਕਿਸੇ ਗਾਹਕ ਨੂੰ ਉਸ ਦੇ ਕਥਿਤ ਧਰਮ ਕਰਕੇ ਮਨ੍ਹਾਂ ਨਹੀਂ ਕਰ ਸਕਦਾ ਹੈ।

### 9.

**ਕਿਸੇ ਵਿਅਕਤੀ ਦੇ ਅਸਲੀ ਜਾਂ ਕਥਿਤ ਧਰਮ ਕਾਰਨ ਉਸ** ਨੂੰ ਜਨਤਕ ਸਥਾਨ ਤੇ ਧਮਕਾਉਣਾ, ਪਰੇਸ਼ਾਨ ਕਰਨਾ ਜਾਂ ਬਲਪੂਰਵਕ ਡਰਾਉਣਾ ਗੈਰਕਨੂੰਨੀ ਹੈ; ਉਦਾਹਰਨ ਲਈ, ਰੇਲਗੱਡੀ ਤੇ ਜਾਂ ਮੂਵੀ ਥੀਏਟਰ ਵਿੱਚ।

### 10.

**ਪੱਖਪਾਤ ਦੇ ਦਾਅਵੇ ਨੂੰ ਫਾਈਲ ਕਰਨ ਲਈ ਕਿਸੇ ਵਿਅਕਤੀ ਤੋਂ ਬਦਲਾ ਲੈਣਾ ਗੈਰਕਨੂੰਨੀ ਹੈ,** ਧਰਮ ਦੀ ਪਾਲਣਾ ਕਰਨ ਵਾਲੇ ਸਮੇਤ।

*ਰੁਜ਼ਗਾਰਦਾਤਾ ਉਦੋਂ ਤਕ ਮੁਨਾਸਿਬ ਸੰਸਾਧਨ ਦੇਣ ਦੀ ਕਰਮਚਾਰੀ ਦੀ ਬੇਨਤੀ ਨੂੰ ਮੰਨੇਗਾ ਜਦੋਂ ਤਕ ਇਸ ਤਰ੍ਹਾਂ ਕਰਨ ਨਾਲ ਰੁਜ਼ਗਾਰਦਾਤਾ ਨੂੰ “ਅਣਉਚਿਤ ਮੁਸੀਬਤ” ਦਾ ਸਾਮ੍ਹਣਾ ਨਹੀਂ ਕਰਨਾ ਪੈਂਦਾ।

---

ਹਿਊਮਨ ਰਾਈਟਸ ਤੇ ਐਨਵਾਈਸੀ ਕਮਿਸ਼ਨ (NYC Commission on Human Rights) ਯਕੀਨੀ ਬਣਾਉਂਦਾ ਹੈ ਕਿ ਹਰ ਧਰਮ ਦੇ ਨਿਊ ਯਾਰਕ ਨਿਵਾਸੀਆਂ ਕੋਲ ਪੱਖਪਾਤ ਦੀ ਰਿਪੋਰਟ ਕਰਨ ਲਈ ਯੋਗ ਥਾਂ ਹੋਵੇ ਅਤੇ ਉਹ ਉਸ ਮਾਨ-ਸਨਮਾਨ ਦਾ ਅਨੁਭਵ ਕਰਨ ਜਿਸ ਦੇ ਉਹ ਹੱਕਦਾਰ ਹਨ। ਜੇ ਤੁਹਾਨੂੰ ਲਗਦਾ ਹੈ ਕਿ ਤੁਹਾਡੇ ਨਾਲ ਪੱਖਪਾਤ ਹੋਇਆ ਹੈ, ਤਾਂ 311 ਤੇ ਕਾਲ ਕਰੋ ਅਤੇ “ਹਿਊਮਨ ਰਾਈਟਸ” ਲਈ ਪੁੱਛੋ ਜਾਂ 212-416-0197 ਤੇ ਕਮਿਸ਼ਨ ਦੀ ਜਾਣਕਾਰੀ ਲਾਈਨ ਤੇ ਸਿੱਧੇ ਕਾਲ ਕਰੋ। ਹੋਰ ਜਾਣਕਾਰੀ ਲਈ, NYC.gov/HumanRights ਤੇ ਜਾਓ ਅਤੇ Twitter, Facebook, Instagram, ਅਤੇ YouTube ਤੇ @NYCCHR ਨੂੰ ਫਾਲੋ ਕਰੋ।

NYC Commission on Human Rights

@NYCCHR

NYC.gov/IamMuslimNYC